**CLASS : 10th (Secondary)** | **Code No. 109**

**Series : Sec/Annual-2023**

*Roll No.* ☐☐☐☐☐☐☐☐☐☐

***SET : B***

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** | ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



downloaded from StudentSuvidha.com
Download all NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਅੱਦਖੜ

(ਅ) ਪੰਡਤ

(ੲ) ਮੁਖਾਤਿਵ

(ਸ) ਜਲੰਧਰ

(ii) ਕੰਨਾਂ ਉੱਪਰ .......... ਨਾ ਸਰਕਣੀ। ਮੁਹਾਵਰਾ ਪੂਰਾ ਕਰੋ।

(ੳ) ਕੀੜੀ (ਅ) ਜੂੰ

(ੲ) ਮਿੱਟੀ (ਸ) ਤੇਲ

(iii) ਸੰਗਰੀਤ ਵੱਡੀ ਸਾਰੀ ਕਿਤਾਬ ਪੜ੍ਹ ਰਹੀ ਹੈ। ਵਾਕ ਵਿਚ 'ਕਿਤਾਬ' ਸ਼ਬਦ ਹੈ :

(ੳ) ਆਮ ਨਾਂਵ

(ਅ) ਭਾਵ ਵਾਚਕ ਨਾਂਵ

(ੲ) ਖ਼ਾਸ ਨਾਂਵ

(ਸ) ਇਕੱਠ ਵਾਚਕ ਨਾਂਵ



downloaded from StudentSuvidha.com

Download all NOTES and PAPERS at StudentSuvidha.com

(iv) ਪੜਨਾਂਵ ਕਿੰਨੇ ਤਰ੍ਹਾਂ ਦੇ ਹਨ?

(ੳ) ਪੰਜ

(ਅ) ਛੇ

(ੲ) ਤਿੰਨ

(ਸ) ਚਾਰ

**2.** (i) ਕਾਸ਼ ! ਮੈਂ ਧਨੀ ਹੁੰਦਾ। (ਸਾਧਾਰਨ ਵਾਕ ਬਣਾਓ) 1

(ii) ਉਹ ਹਮੇਸ਼ਾ ਸੱਚ ਬੋਲਦਾ ਹੈ। (ਨਾਂਹ-ਵਾਚਕ ਵਾਕ ਬਣਾਓ) 1

(iii) ਨਵਰਾਜ ਬਰੇਲੀ ਸ਼ਹਿਰ ਵਿਚ ਪੜ੍ਹਦਾ ਹੈ। ('ਨਵਰਾਜ' ਸ਼ਬਦ ਦੀ ਪਦਵੰਡ ਕਰੋ) 1

(iv) 'ਅਣ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਬੱਚਾ ਸਕੂਲ ਜਾਂਦੇ ਹਨ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਪਰਵੇਜ ਨੇ ਰੋਹਿਤ ਨੂੰ ਕਿਹਾ ਤੂੰ ਸਾਡਾ ਆਪਣਾ ਹੈ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਲਾਲ-ਪੀਲਾ ਹੋਣਾ

(ii) ਸਦਾ ਦੀ ਨੀਂਦ ਸੌਂ ਜਾਣਾ



downloaded from StudentSuvidha.com
Download all NOTES and PAPERS at StudentSuvidha.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਕਿਸੇ ਵਾਪਰੀ ਘਟਨਾ ਦਾ ਕ੍ਰਮ ਅਨੁਸਾਰ ਵੇਰਵਾ ਪੇਸ਼ ਕਰਨ ਨੂੰ ਬਿਰਤਾਂਤ ਆਖਦੇ ਹਨ। ਇਸ ਵਿਚ ਜੀਵਨੀਆਂ, ਅਭੁੱਲ ਯਾਦਾਂ, ਯਾਤਰਾਵਾਂ ਅਤੇ ਇਤਿਹਾਸ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਆਦਿ ਬਾਰੇ ਲੇਖ ਆਉਂਦੇ ਹਨ। ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕੋਈ ਵੀ ਲੇਖ ਮੁਕੰਮਲ ਤੌਰ ਤੇ ਨਾ ਵਰਣਨਾਤਮਕ ਹੁੰਦਾ ਹੈ ਅਤੇ ਨਾ ਬਿਰਤਾਂਤਕ। ਹਰਿਮੰਦਰ ਸਾਹਿਬ ਬਾਰੇ ਦਿੱਤਾ ਵੇਰਵਾ ਵਰਣਨਾਤਮਕ ਪਰ ਉਸ ਦੇ ਇਤਿਹਾਸ ਦਾ ਵੇਰਵਾ ਬਿਰਤਾਂਤਕ ਹੋਵੇਗਾ। ਬਿਰਤਾਂਤਕ ਲੇਖ ਵਿਚ ਵੇਰਵਾ ਸਮੇਂ ਦੇ ਪੱਖੋਂ ਹੁੰਦਾ ਹੈ।

(i) ਬਿਰਤਾਂਤ ਕੀ ਹੈ? 1

(ii) ਕੀ ਚੇਤੇ ਰੱਖਣ ਦੀ ਲੋੜ ਹੈ? 2

(iii) ਬਿਰਤਾਂਤ ਵਿਚ ਕਿਸ ਤਰ੍ਹਾਂ ਦੇ ਲੇਖ ਆਉਂਦੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਗੋਬਿੰਦ ਸਿੰਘ ਜੀ

(ii) ਬੇਰੁਜ਼ਗਾਰੀ

(iii) ਸਾਡੇ ਮੇਲੇ

(iv) ਪਾਣੀ ਦਾ ਮਹੱਤਵ

(v) ਵਿਗਿਆਨ ਦੇ ਲਾਭ-ਹਾਨੀਆਂ

**8.** ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਤੇ ਚਰਿੱਤਰ ਸਰਟੀਫਿਕੇਟ ਲੈਣ ਲਈ ਬੇਨਤੀ-ਪੱਤਰ ਲਿਖੋ। 5

**ਜਾਂ**

ਆਪਣੇ ਸ਼ਹਿਰ ਦੀ ਨਗਰ ਪਾਲਿਕਾ ਦੇ ਪ੍ਰਧਾਨ ਨੂੰ ਆਪਣੀ ਕਾਲੋਨੀ ਦੀਆਂ ਨਾਲੀਆਂ ਦੀ ਮੁਰੰਮਤ ਤੇ ਸਫਾਈ ਕਰਵਾਉਣ ਲਈ ਬੇਨਤੀ-ਪੱਤਰ ਲਿਖੋ।



downloaded from StudentSuvidha.com

Download all NOTES and PAPERS at StudentSuvidha.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਆਪਣੀ ਕਿਰਤ 'ਚੋਂ ਕੱਢ ਦਸੌਂਧ ਦਸਵਾਂ,
ਲੋੜਵੰਦਾਂ ਦੇ ਲੇਖੇ ਹੈ ਲਾ ਦੇਣਾ।
ਭੁੱਖਾਂ ਕੋਈ ਦੁਆਰੇ ਆ ਟੁੱਕ ਮੰਗੇ,
ਭੋਜਨ ਉਸ ਤਾਈਂ ਤੁਸੀਂ ਛਕਾ ਦੇਣਾ।

**ਜਾਂ**

ਉਂਜ ਤਾਂ ਸਾਰੀ ਦੁਨੀਆਂ ਵਿਚ ਹੈ ਧਾਕ ਪੰਜਾਬੀ ਦੀ,
ਲੱਚਰ ਗੀਤਾਂ ਕੀਤੀ ਮੈਲੀ ਸਾਖ਼ ਪੰਜਾਬੀ ਦੀ,
ਸੋਹਣੇ ਗੀਤਾਂ ਸੰਗ ਕਰੀਏ ਸਨਮਾਨ ਪੰਜਾਬੀ ਦਾ,
ਜ਼ੱਗ-ਜ਼ੱਗ ਕਹਿ ਉੱਠੇ, ਸਾਨੂੰ ਮਾਣ ਪੰਜਾਬੀ ਦਾ।

(ii) 'ਮਾਂ ਜੋ ਏਧਰ ਵੀ ਤੇ ਉਧਰ ਵੀ' ਕਵਿਤਾ ਕਿਸ ਉਦੇਸ਼ ਨੂੰ ਲੈ ਕੇ ਲਿਖੀ ਗਈ ਹੈ? 3

(iii) ਲਾਡੋ ਅਖਵਾਉਣਾ ਕਿਸ ਨੂੰ ਚੰਗਾ ਲਗਦਾ ਹੈ? 1

**10.** (i) ਹੰਕਾਰੀ ਮਨੁੱਖ ਤੋਂ ਕਿਵੇਂ ਬਚਿਆ ਜਾ ਸਕਦਾ ਹੈ? 3

(ii) ਆਸਟ੍ਰੇਲੀਆ ਵਿਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ? 3

(iii) ਪੰਜਾਬੀ ਭਾਸ਼ਾ ਲਈ ਵਿਕਸਿਤ ਕੋਈ ਦੋ ਸਾਫ਼ਟਵੇਅਰਾਂ ਦੇ ਨਾਮ ਲਿਖੋ। 2

(iv) ਚਾਹ ਵਿਚ ਕਿਹੜਾ ਤੱਤ ਮੌਜੂਦ ਹੁੰਦਾ ਹੈ? 1



StudentSuvidha.com
downloaded from
Download all NOTES and PAPERS at StudentSuvidha.com

**11.** (i) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਤੇ ਕਿਵੇਂ ਕੀਤੀ ? 3

(ii) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ? 3

(iii) ਪੁਲਿਸ ਨੂੰ ਕੌਣ ਬੁਲਾਉਂਦਾ ਹੈ ਤੇ ਕਿਉਂ ? 2

(iv) ਮੀਨਾਕਸ਼ੀ ਕਿਸ ਕਹਾਣੀ ਦੀ ਪਾਤਰ ਹੈ ? 1

**12.** (i) ਤੋਤਾ-ਮੈਨਾ ਕਿੱਥੇ ਗਾ ਰਹੇ ਸਨ ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ ? 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜਦੀਕੀ ਵਾਲਾ ਸੰਬੰਧ ਹੈ ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉਪਰ ਰੋਸ਼ਨੀ ਪਾਉ।

(ii) ਰਾਮ ਭਜਨੀ ਕੌਣ ਹੈ ? 3

(iii) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ ? 1

(iv) ਰਾਮ ਭਜਨੀ ਨੂੰ 'ਦੁਸ਼ਾਲਾ' ਦਾਨ ਕਰਨ ਲਈ ਕੌਣ ਆਖਦਾ ਹੈ ? 1

downloaded from StudentSuvidha.com

**13.** (i) ਨਾਨਕ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਲਿਖੋ। 3

(ii) ਧਰਮ ਬਾਰੇ ਡਾ੦ ਕਲਾਮ ਦੇ ਕੀ ਵਿਚਾਰ ਸਨ ? 3

(iii) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ ? 2

(iv) ਮਿਲਖਾ ਸਿੰਘ ਕਿਹੜੀ ਦੌੜ ਕਾਰਨ ਉਦਾਸ ਹੋ ਗਿਆ ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਮਿਲਖਾ ਸਿੰਘ ਹੋਰੀ ਕਿੰਨੇ ਭੈਣ-ਭਰਾ ਸਨ ?

(ੳ) ਤਿੰਨ ਭੈਣਾਂ ਤੇ ਤਿੰਨ ਭਰਾ (ਅ) ਪੰਜ ਭਰਾ ਤੇ ਤਿੰਨ ਭੈਣਾਂ

(ੲ) ਇਕ ਭਰਾ ਤੇ ਦੋ ਭੈਣਾਂ (ਸ) ਤਿੰਨ ਭਰਾ ਤੇ ਚਾਰ ਭੈਣਾਂ



Download all NOTES and PAPERS at StudentSuvidha.com

(ii) ਸਭ ਤੋਂ ਪਹਿਲਾਂ ਸੱਪ ਕਿਸ ਨੇ ਵੇਖਿਆ ?

(ੳ) ਰਾਹੁਲ ਨੇ

(ਅ) ਰੋਹਿਤ ਨੇ

(ੲ) ਮੀਨਾਕਸ਼ੀ ਨੇ

(ਸ) ਰਜਨੀ ਨੇ

(iii) ਵਿਆਹ ਸਮੇਂ ਮੁੰਡੇ ਦੇ ਘਰ ਕਿਹੜੇ ਗੀਤ ਗਾਏ ਜਾਂਦੇ ਹਨ ?

(ੳ) ਕਿੱਕਲੀ

(ਅ) ਸੁਹਾਗ

(ੲ) ਘੋੜੀਆਂ

(ਸ) ਕੋਰੜਾ-ਛਪਾਕੀ

downloaded from StudentSuvidha.com

(iv) 'ਗਉੜੀ ਬੈਰਾਗਣਿ ਮਃ ੩' ਸ਼ਬਦ ਦਾ ਰਚਣਹਾਰ ਕੌਣ ਹੈ ?

(ੳ) ਗੁਰੂ ਨਾਨਕ ਦੇਵ ਜੀ

(ਅ) ਸ਼ਾਹ ਹੁਸੈਨ ਜੀ

(ੲ) ਬਾਬਾ ਫ਼ਰੀਦ ਜੀ

(ਸ) ਗੁਰੂ ਅਮਰ ਦਾਸ ਜੀ



Download all NOTES and PAPERS at StudentSuvidha.com